# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/3163-3203
ਮਿਤੀ,ਚੰਡੀਗੜ੍ਹ 17-01-2011

ਵਿਸ਼ਾ :- ਸਮੂਹ ਸਰਕਾਰੀ ਸਕੂਲਾਂ ਦੀ ਜਮਾਤ ਛੇਵੀਂ ਤੋਂ ਦਸਵੀਂ ਜਮਾਤ ਤੱਕ ਫਰਵਰੀ 2011 ਦੀ ਹੋਣ ਵਾਲੀ ਪ੍ਰੀਖਿਆ ਦੀ ਡੇਟਸ਼ੀਟ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਫਰਵਰੀ ਮਹੀਨੇ ਵਿੱਚ ਛੇਵੀਂ, ਸੱਤਵੀਂ, ਅੱਠਵੀਂ ਜਮਾਤਾਂ ਦੀ ਪ੍ਰੀ-ਸਾਲਾਨਾ ਪ੍ਰੀਖਿਆ ਅਤੇ ਨੌਵੀਂ ਅਤੇ ਦਸਵੀਂ ਜਮਾਤਾਂ ਦੀ ਪ੍ਰੀ-ਸਮੈਸਟਰ ਪ੍ਰੀਖਿਆ ਹੋਵੇਗੀ। ਇਨ੍ਹਾਂ ਪ੍ਰੀਖਿਆਵਾਂ ਲਈ ਛੇਵੀਂ ਤੋਂ ਅੱਠਵੀਂ ਤੱਕ ਜਮਾਤਾਂ ਦਾ ਪ੍ਰਸ਼ਨ ਪੱਤਰ ਸਾਰੇ ਸਿਲੇਬਸ ਵਿੱਚੋਂ ਅਤੇ ਨੌਵੀਂ, ਦਸਵੀਂ ਜਮਾਤਾਂ ਦਾ ਪ੍ਰਸ਼ਨ ਪੱਤਰ ਦੂਸਰੇ ਸਮੈਸਟਰ ਦੇ ਕਰਵਾਏ ਗਏ ਸਿਲੇਬਸ ਵਿੱਚੋਂ ਆਵੇਗਾ। ਹੈੱਡ ਆਫ਼ਿਸ ਵੱਲੋਂ ਸਿਰਫ਼ ਚਾਰ ਵਿਸ਼ਿਆਂ ਦੇ ਗਣਿਤ,ਅੰਗਰੇਜ਼ੀ, ਵਿਗਿਆਨ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਭੇਜੇ ਜਾਣਗੇ ਅਤੇ ਪੇਪਰ ਵਾਲੇ ਦਿਨ ਵੈੱਬ-ਸਾਈਟ ਤੇ ਅੱਪ-ਲੋਡ ਵੀ ਕੀਤੇ ਜਾਣਗੇ ਅਤੇ ਬਾਕੀ ਸਾਰੇ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਸਕੂਲ ਮੁੱਖੀ ਆਪਣੇ ਸਕੂਲ ਦੇ ਵਿਸ਼ਾ ਅਧਿਆਪਕ ਤੋਂ ਬਣਵਾਉਣਗੇ। ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਲਈ ਛੇਵੀਂ ਤੋਂ ਦਸਵੀਂ ਜਮਾਤਾਂ ਤੱਕ ਫਰਵਰੀ ਮਹੀਨੇ ਦੀ ਹੋਣ ਵਾਲੀ ਪ੍ਰੀਖਿਆ ਲਈ ਡੇਟਸ਼ੀਟ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਜਾਰੀ ਕੀਤੀ ਗਈ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਮਿਤੀ | ਦਿਨ | ਛੇਵੀਂ | ਸੱਤਵੀਂ | ਅੱਠਵੀਂ | ਨੌਵੀਂ | ਦਸਵੀਂ |
|---|---|---|---|---|---|---|---|
| 1. | 01-02-2011 | ਮੰਗਲਵਾਰ | ਪੰਜਾਬੀ | ਅੰਗਰੇਜ਼ੀ | ਗਣਿਤ | ਸਾਇੰਸ | ਸਮਾਜਿਕ ਸਿੱਖਿਆ |
| 2. | 02-02-2011 | ਬੁੱਧਵਾਰ | ਅੰਗਰੇਜ਼ੀ | ਪੰਜਾਬੀ | ਹਿੰਦੀ | ਹਿੰਦੀ | ਪੰਜਾਬੀ |
| 3. | 03-02-2011 | ਵੀਰਵਾਰ | ਹਿੰਦੀ | ਸਮਾਜਿਕ ਸਿੱਖਿਆ | ਸਮਾਜਿਕ ਸਿੱਖਿਆ | ਅੰਗਰੇਜ਼ੀ | ਗਣਿਤ |
| 4. | 04-02-2011 | ਸ਼ੁਕਰਵਾਰ | ਸਾਇੰਸ | ਹਿੰਦੀ | ਸਾਇੰਸ | ਪੰਜਾਬੀ | ਹਿੰਦੀ |
| 5. | 05-02-2011 | ਸ਼ਨੀਵਾਰ | ਸਮਾਜਿਕ ਸਿੱਖਿਆ | ਗਣਿਤ | ਪੰਜਾਬੀ | ਸਮਾਜਿਕ ਸਿੱਖਿਆ | ਅੰਗਰੇਜ਼ੀ |
| 6. | 06-02-2011 | ਐਤਵਾਰ | ---- | ---- | ---- | ---- | ---- |
| 7. | 07-02-2011 | ਸੋਮਵਾਰ | ਗਣਿਤ | ਸਾਇੰਸ | ਅੰਗਰੇਜ਼ੀ | ਗਣਿਤ | ਸਾਇੰਸ |

ਚਲਦਾ ਪੰਨਾ...............

3.0 ਮਹੀਨਾਵਾਰ ਪ੍ਰੀਖਿਆ ਦਾ ਸਮਾਂ ਸਵੇਰੇ ਜ਼ੀਰੋ ਪੀਰੀਅਡ ਰਹੇਗਾ।

4.0 ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤਾਂ ਦੀ ਪ੍ਰੀਖਿਆ ਦੀ ਡੇਟਸ਼ੀਟ ਸਕੂਲ ਮੁੱਖੀ ਆਪਣੇ ਪੱਧਰ ਤੇ ਤਿਆਰ ਕਰਨਗੇ।

5.0 ਪੇਪਰ ਮੁਲਾਂਕਣ ਦਾ ਕੰਮ ਵੀ ਨਾਲ-ਨਾਲ ਮੁਕੰਮਲ ਕੀਤਾ ਜਾਵੇ। ਮੁਲਾਂਕਣ ਦਾ ਕੰਮ ਸਹੀ ਢੰਗ ਨਾਲ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਅਸਲੀ ਪ੍ਰਗਤੀ ਨੂੰ ਜਾਣਿਆ ਜਾ ਸਕੇ। ਨਿਰੀਖਣ ਅਧਿਕਾਰੀ/ਟੀਮਾਂ ਇਸ ਨੂੰ ਵਿਸ਼ੇਸ਼ ਰੂਪ ਵਿੱਚ ਸਮੇਂ ਸਮੇਂ ਤੇ ਦੇਖਣਗੀਆਂ।

6.0 ਸਕੂਲ ਦਾ ਸਮੁੱਚਾ ਨਤੀਜਾ 25-02-2011 ਤੱਕ ਤਿਆਰ ਕੀਤਾ ਜਾਵੇ।

7.0 ਮਿਤੀ 26-02-2011 ਨੂੰ ਮਾਪੇ ਅਧਿਆਪਕ ਮਿਲਣੀ ਕੀਤੀ ਜਾਵੇ।

8.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਪਿ:ਅੰ:ਨੰ:ਸਸਅ/ਐਮਸੀ/2011/ ਮਿਤੀ,ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ.), ਪੰਜਾਬ।
2. ਮੰਡਲ ਸਿੱਖਿਆ ਅਫ਼ਸਰ ਨਾਭਾ/ਜਲੰਧਰ/ਫਰੀਦਕੋਟ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ